ਪੰਜਾਬੀ ਯੂਨੀਵਰਸਿਟੀ ਪਟਿਆਲਾ।
(ਉਸਾਰੀ ਵਿਭਾਗ)

## ਥੋੜੇ ਸਮੇ ਦਾ ਟੈਂਡਰ ਨੋਟਿਸ

ਨਿਮਨ ਲਿਖਤ ਹਸਤਾਖਰ ਕਰਤਾ ਵੱਲੋ ਪੰਜਾਬ ਲੋਕ ਨਿਰਮਾਣ ਵਿਭਾਗ, ਕੇਦਰੀ ਲੋਕ ਨਿਰਮਾਣ ਵਿਭਾਗ, ਪੁੱਡਾ, ਪੀ.ਐਸ.ਈ.ਬੀ., ਜਾ ਕਿਸੇ ਵੀ ਸਰਕਾਰੀ ਅਦਾਰੇ ਵੱਲੋ ਪ੍ਰਮਾਣਿਤ ਠੇਕੇਦਾਰਾ ਪਾਸੋ ਆਈਟਮ ਰੇਟ / ਪ੍ਰਤੀਸਤਤਾ ਦੇ ਅਧਾਰ ਤੇ ਮੋਹਰਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ । ਜੋ ਕਿ 500+18%GST = 590/- ਦੀ ਨਕਦ ਅਦਾਇਗੀ ਕਰਕੇ ਕਿਸੇ ਵੀ ਕੰਮ ਵਾਲੇ ਦਿਨ ਇੱਕ ਵਜੇ ਤੱਕ ਹਸਤਾਖਰਕਰਤਾ ਦੇ ਦਫਤਰ ਤੋ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਪੱਖੋ ਮੁਕੰਮਲ ਟੈਂਡਰ ਮਿਤੀ 06-11-2025 3:00 ਵਜੇ ਤੱਕ ਜਾ ਇਸ ਤੋ ਪਹਿਲਾ ਹਸਤਾਖਰਕਰਤਾ ਦੇ ਦਫਤਰ ਪਹੁੰਚ ਜਾਣੇ ਚਾਹੀਦੇ ਹਨ, ਜੋ ਕਿ ਉਸੇ ਦਿਨ 3:30 ਵਜੇ ਟੈਂਡਰਕਾਰਾਂ ਜਾ ਉਹਨਾ ਦੇ ਅਧਿਕਾਰਤ ਨੁਮਾਇਦੀਆਂ ਦੀ ਹਾਜਰੀ ਵਿਚ ਖੋਲੇ ਜਾਣਗੇ।

| ਲੜੀ ਨੰ: | ਕੰਮ ਦਾ ਵੇਰਵਾ | ਅੰਦਾਜਨ ਲਾਗਤ | ਬਿਆਨਾ ਰਕਮ | ਸਮੇ ਦੀ ਮਿਆਦ |
|---|---|---|---|---|
| 1. | Providing and fixing Iron Doors with Chowkhats for Mumty and opening in Boys Hostels (4,5,6, B&C block of Baba Banda Singh Bahadur Hostel & D.E. Sports Hostel) at Punjabi University Patiala. | 2,08,597/- | 4,200/- | 90 ਦਿਨ |

ਸ਼ਰਤਾ:-

1. ਸਬੰਧਿਤ ਐਨ.ਆਈ.ਟੀ. ਟੈਂਡਰ ਦੇਣ ਤੋ ਪਹਿਲਾ ਕਿਸੇ ਵੀ ਕੰਮ ਵਾਲੇ ਦਿਨ ਕਾਰਜਕਾਰੀ ਇੰਜੀਨੀਅਰ ਦੇ ਦਫਤਰ ਦੇਖੇ ਜਾ ਸਕਦੇ ਹਨ।
2. ਸ਼ਰਤਾ ਵਾਲੇ ਅਤੇ ਬਿਨਾ ਬਿਆਨਾ ਰਕਮ ਵਾਲੇ ਟੈਂਡਰ ਰੱਦ ਕੀਤੇ ਜਾਣਗੇ।
3. ਬਿਆਨਾ ਰਕਮ ਨਿਰਧਾਰਿਤ ਬੈਕ ਵੱਲੋ ਬੈਕ ਡਰਾਫਟ ਰਾਹੀ ਜੋ ਕਿ ਕਾਰਜਕਾਰੀ ਇੰਜੀਨੀਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੱਕ ਵਿਚ ਹੋਵੇ, ਪ੍ਰਾਪਤ ਕੀਤੇ ਜਾਣਗੇ।
4. ਟੈਂਡਰ ਰੇਟ ਸਿਰਫ ਨਿਰਧਾਰਿਤ ਪ੍ਰੋਫਾਰਮੇ ਵਿਚ ਭਰਨੇ ਹੋਣਗੇ।
5. ਜੇਕਰ ਟੈਂਡਰ ਵਾਲੇ ਦਿਨ ਛੁੱਟੀ ਹੋ ਜਾਂਦੀ ਹੈ ਤਾ ਟੈਂਡਰ ਅਗਲੇ ਕੰਮ ਵਾਲੇ ਦਿਨ ਨਿਰਧਾਰਿਤ ਸਮੇ ਸਥਾਨ ਤੇ ਪ੍ਰਾਪਤ ਕੀਤੇ ਅਤੇ ਖੋਲੇ ਜਾਣਗੇ।
6. ਯੂਨੀਵਰਸਿਟੀ ਸਾਰੇ ਟੈਂਡਰ ਜਾ ਕਿਸੇ ਆਈਟਮ ਨੂੰ ਬਿਨਾ ਕਾਰਨ ਦੱਸੇ ਰੱਦ ਕਰ ਸਕਦੀ ਹੈ ਟੈਂਡਰਕਾਰ ਇਸ ਮਾਮਲੇ ਵਿਚ ਕੋਈ ਕਲੇਮ ਨਹੀ ਕਰ ਸਕਦਾ।
7. ਲੋੜ ਅਨੁਸਾਰ ਕੰਮ ਦੀ ਮਾਤਰਾ ਘਟਾਈ ਜਾ ਵਧਾਈ ਜਾ ਸਕਦੀ ਹੈ, ਇਸ ਮਾਮਲੇ ਵਿਚ ਟੈਂਡਰਕਾਰ ਕੋਈ ਕਲੇਮ ਨਹੀ ਕਰ ਸਕੇਗਾ।
8. ਟੈਂਡਰ ਫਾਰਮ ਸਿਰਫ ਉਹਨਾ ਠੇਕੇਦਾਰਾ ਨੂੰ ਹੀ ਜਾਰੀ ਕੀਤੇ ਜਾਣਗੇ ਜਿਹਨਾ ਕੋਲ ਪੈਨ ਨੰਬਰ, ਜੀ.ਐਸ.ਟੀ. ਨੰਬਰ ਆਦਿ ਅਤੇ ਉਪਰੋਕਤ ਦਰਸਾਏ ਮਹਿਕਮਿਆ ਵੱਲੋ ਮਾਨਤਾ ਹੋਵੇਗੀ ਅਤੇ ਟੈਂਡਰਕਾਰ ਅਜਿਹਾ ਕੰਮ ਕਰਨ ਦਾ ਤਜਰਬਾ ਰੱਖਦਾ ਹੋਵੇ।
9. ਕੀ ਤੁਹਾਨੂੰ ਕਿਸੇ ਸਮੇ ਸਰਕਾਰੀ ਜਾ ਅਰਧਸਰਕਾਰੀ ਸੰਸਥਾ ਵੱਲੋ ਕੰਮ ਕਰਨ ਤੋ ਅਯੋਗ ਤਾ ਨਹੀ ਠਹਿਰਾਇਆ ਗਿਆ ?

ਉਪਰੋਕਤ ਕੰਮ ਲਈ ਆਪਣਾ ਟੈਂਡਰ ਰੇਟ ਅਤੇ ਹਰ ਪੱਖੋ ਮੁਕੰਮਲ ਟੈਂਡਰ ਭਰਕੇ ਉਪਰੋਕਤ ਦਰਸਾਈ ਮਿਤੀ ਸਮਾ ਅਤੇ ਸਥਾਨ ਤੇ ਪੇਸ਼ ਕਰੋ।

ਕਾਰਜਕਾਰੀ ਇੰਜੀਨੀਅਰ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

Scanned with CamScanner